# ਪੰਜਾਬ ਐਜੂਸੈਟ ਸੁਸਾਇਟੀ

ਈ.ਐਂਡ.ਐਫ ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ,
ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ।
ਫੋਨ ਨੰ. 0172- 2231800, 2215701 ਈ-ਮੇਲ: edusat.punjab@gmail.com

ਸੇਵਾ ਵਿਖੇ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ.: 24/40/2013/ਪੀ.ਈ.ਐਸ/ਟਾਈਮ-ਸ਼ਡਿਊਲ/1606 ਮਿਤੀ: 10 ਮਾਰਚ, 2015

ਵਿਸ਼ਾ: **ਸਕੂਲ ਸਿੱਖਿਆ ਵਿਭਾਗ ਦਾ ਨਵੇਂ ਵਿੱਦਿਅਕ ਸੈਸ਼ਨ (2015-16) ਲਈ ਐਜੂਸੈਟ ਪ੍ਰੋਗਰਾਮਾਂ ਦਾ ਟਾਈਮ ਟੇਬਲ (ਗਰਮੀਆਂ ਅਤੇ ਸਰਦੀਆਂ).**

1.0 ਉਪਰੋਕਤ ਵਿਸ਼ੇ ਅਨੁਸਾਰ ਵਿੱਦਿਅਕ ਸੈਸ਼ਨ 2015-16 ਲਈ ਐਜੂਸੈਟ ਦੇ ਪ੍ਰੋਗਰਾਮਾਂ ਦਾ ਟਾਈਮ ਟੇਬਲ ਭੇਜਿਆ ਜਾ ਰਿਹਾ ਹੈ, ਜਿਸ ਵਿੱਚ 8ਵੀਂ ਤੋਂ 12ਵੀਂ ਜਮਾਤ ਤੱਕ ਦੇ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਲਈ ਨਸ਼ਰ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ ਹੈ।

1.1 ਸਬੰਧਤ ਸਕੂਲ ਮੁੱਖੀਆਂ ਅਤੇ ਵਿਸ਼ਾ ਅਧਿਆਪਕਾਂ ਤੋਂ ਇਸ ਟਾਈਮ ਟੇਬਲ ਸਬੰਧੀ ਉਹਨਾਂ ਦੀ ਰਾਇ ਵੀ ਮੰਗੀ ਜਾ ਰਹੀ ਹੈ (e-mail: feedbackedusat@gmail.com & punjabedusatevaluation@gmail.com) ਤਾਂ ਜੋ ਇਸ ਟਾਈਮ ਟੇਬਲ ਨੂੰ ਹੋਰ ਵਧੀਆ ਬਣਾਉਣ ਲਈ ਅਤੇ ਹੋਰ ਵੱਧ ਵਿਸ਼ੇ ਸ਼ਾਮਿਲ ਕਰਨ ਲਈ ਉਹਨਾਂ ਦੇ ਤਜਰਬੇ ਦਾ ਲਾਭ ਉਠਾਇਆ ਜਾ ਸਕੇ।

1.2 ਨਵੇ ਵਿੱਦਿਅਕ ਸੈਸ਼ਨ ਲਈ 1 ਅਪ੍ਰੈਲ 2015 ਤੋਂ ਸਕੂਲ ਖੁੱਲਣ ਦੇ ਨਾਲ ਹੀ ਦਾਖਲਾ ਪ੍ਰੀਕ੍ਰਿਆ ਸ਼ੁਰੂ ਹੋ ਜਾਵੇਗੀ ਅਤੇ ਐਜੂਸੈਟ ਦੇ ਪ੍ਰੋਗਰਾਮ 15 ਅਪ੍ਰੈਲ 2015 (ਬੁੱਧਵਾਰ) ਤੋਂ ਨੱਥੀ ਟਾਈਮ ਟੇਬਲ ਅਨੁਸਾਰ ਸ਼ੁਰੂ ਕੀਤੇ ਜਾ ਰਹੇ ਹਨ ਅਤੇ ਇਸ ਮਹੀਨੇ ਦੀ ਸ਼ਡਿਊਲ ਵੀ ਆਪਜੀ ਨੂੰ ਜਲਦੀ ਹੀ ਭੇਜੀ ਜਾ ਰਹੀ ਹੈ। ਕ੍ਰਿਪਾ ਕਰਕੇ ਸਬੰਧਤ ਵਿਦਿਆਰਥੀਆਂ ਅਤੇ ਵਿਸ਼ਾ ਅਧਿਆਪਕਾਂ ਨੂੰ ਇਸ ਸਬੰਧੀ ਪ੍ਰੋਗਰਾਮ ਅਟੈਂਡ ਕਰਨ ਲਈ ਜਾਣੂ ਕਰਵਾ ਕੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਵਾਈ ਜਾਵੇ।

1.3 ਐਜੂਸੈਟ ਪ੍ਰੋਗਰਾਮਾਂ ਅਨੁਸਾਰ ਵਿਦਿਆਰਥੀਆਂ ਦੀ ਰੋਜਾਨਾ ਹਾਜ਼ਰੀ ਲਈ ਨਵਾਂ ਰਜਿਸਟਰ ਲਗਾ ਲਿਆ ਜਾਵੇ, ਜਿਸ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ (ਭਾਗ ਲੈਣ ਵਾਲੇ/ਕੁੱਲ) ਅਤੇ ਵਿਸ਼ਾ ਅਧਿਆਪਕ ਦਾ ਨਾਮ ਹਾਜ਼ਰੀ ਅਨੁਸਾਰ ਦਰਜ ਕੀਤਾ ਜਾਵੇ। ਪ੍ਰੋਗਰਾਮਾਂ ਨੂੰ ਹੋਰ ਬਿਹਤਰ ਬਣਾਉਣ ਲਈ ਵਿਦਿਆਰਥੀਆਂ ਅਤੇ ਵਿਸ਼ਾ ਅਧਿਆਪਕਾਂ ਦੁਆਰਾ ਪ੍ਰੋਗਰਾਮਾਂ ਦੀ ਮੁਲਾਂਕਣ ਰਿਪੋਰਟ ਅਤੇ ਹੋਰ ਸੁਝਾਅ ਈ-ਮੇਲ ਰਾਹੀਂ ਭੇਜੀ ਜਾਵੇ।

1.4 ਸਕੂਲ ਮੁੱਖੀ ਹਰ ਰੋਜ ਐਜੂਸੈਟ ਰਜਿਸਟਰ ਵਿੱਚ ਕੀਤੇ ਇੰਦਰਾਜਾਂ ਨੂੰ ਤਸਦੀਕ ਕਰੇਗਾ ਜਿਸ ਦਾ ਨਿਰੀਖਣ ਇੰਸਪੈਕਸ਼ਨ ਟੀਮ ਵੱਲੋਂ ਵੀ ਕੀਤਾ ਜਾਇਆ ਕਰੇਗਾ। ਟੈਲੀਕਾਸਟ ਸਮੇਂ ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਉਸ ਟਾਪਿਕ ਨੂੰ ਪੂਰਾ ਕਰੇਗਾ। ਐਜੂਸੈਟ ਲਾਈਬ੍ਰੇਰੀ ਦੀ ਵਰਤੋਂ ਪੀਰੀਅਡ ਐਡਜਸਟਮੈਂਟ ਲਈ ਜਰੂਰ ਕੀਤੀ ਜਾਵੇ। ਵਿਸ਼ਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਅਲਗ-ਅਲਗ ਟੈਲੀਫੋਨ ਡਾਇਰੈਕਟਰੀ ਦੀ ਸਾਫਟ ਕਾਪੀ ਤਿਆਰ ਕਰਵਾ ਕੇ ਈ-ਮੇਲ ਰਾਹੀਂ ਭੇਜੀ ਜਾਵੇ ਤਾਂ ਜੋ ਮੁਲਾਂਕਣ ਦੀ ਪ੍ਰੀਕ੍ਰਿਆ ਵਿੱਚ ਹੋਰ ਸੁਧਾਰ ਕੀਤਾ ਜਾ ਸਕੇ।

1.5 ਸਕੂਲ ਐਜੂਸੈਟ ਕੋਆਰਡੀਨੇਟਰ ਸਾਰੇ ਵਿਸ਼ਾ ਅਧਿਆਪਕਾਂ ਨੂੰ ਐਜੂਸੈਟ ਸਿਸਟਮ ਨੂੰ ਚਾਲੂ ਕਰਨ ਸਬੰਧੀ ਅਤੇ ਇਸ ਦੀ ਟ੍ਰਬਲਸ਼ੂਟਿੰਗ ਸਬੰਧੀ ਟ੍ਰੇਨਿੰਗ ਦਾ ਰਿਫਰੈਸ਼ਰ ਕੋਰਸ ਕਰਵਾਏਗਾ ਤਾਂ ਜੋ ਇਸ ਨੂੰ ਚਾਲਉਣ ਸਬੰਧੀ ਕੋਈ ਦਿੱਕਤ ਪੇਸ਼ ਨਾ ਆਵੇ।

ਨੱਥੀ: ਟਾਈਮ ਟੇਬਲ 2015-16 (ਗਰਮੀਆਂ ਅਤੇ ਸਰਦੀਆਂ)

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਵਾ:ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/40/2013/ਪੀ.ਈ.ਐਸ/ਟਾਈਮ-ਸ਼ਡਿਊਲ/1607 ਮਿਤੀ: 10.03.2015

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਡਿਪਟੀ ਡਾਇਰੈਕਟਰ, ਐਸ.ਆਈ.ਐਸ.ਈ ਪੰਜਾਬ ਪੱਤਰ ਨੰ. 24/104/2013/ਪੀ.ਈ.ਐਸ/ਆਰ.ਪੀ/4278-79, ਮਿਤੀ 17.08.2013 ਦੇ ਹਵਾਲੇ ਨਾਲ।
4. ਸਮੂਹ ਪ੍ਰਿੰਸੀਪਲ ਡਾਈਟ।
5. ਏ.ਜੀ.ਐਮ.(ਵਿੱਤ), ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
6. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਤੇ ਪਾਉਣ ਹਿੱਤ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਵਾ:ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

# ਐਜੂਸੈਟ ਟਾਈਮ-ਟੇਬਲ ਸੈਸ਼ਨ 2015-16 (01 ਅਪ੍ਰੈਲ 2015 ਤੋਂ 30 ਸਤੰਬਰ 2015 ਤੱਕ) ਗਰਮੀ ਦੀ ਰੁੱਤ

| ਪੀਰੀਅਡ | ਸਵੇਰੇ 08:00 ਤੋਂ 08:15 ਤੱਕ | I ਸਵੇਰੇ 08:15 ਤੋਂ 08:55 ਤੱਕ | II ਸਵੇਰੇ 08:55 ਤੋਂ 09:35 ਤੱਕ | III ਸਵੇਰੇ 09:35 ਤੋਂ 10:15 ਤੱਕ | IV ਸਵੇਰੇ 10:15 ਤੋਂ 10:55 ਤੱਕ | V ਸਵੇਰੇ 10:55 ਤੋਂ 11:35 ਤੱਕ | | VI ਦੁਪਿਹਰ 12:00 ਤੋਂ 12:40 ਤੱਕ | VII ਦੁਪਿਹਰ ਬਾਅਦ 12:40 ਤੋਂ 01:20 ਤੱਕ | VIII ਦੁਪਿਹਰ ਬਾਅਦ 01:20 ਤੋਂ 02:00 ਤੱਕ |
|---|---|---|---|---|---|---|---|---|---|---|
| ਸੋਮਵਾਰ | ਸਵੇਰ ਦੀ ਸਭਾ | ਇਹ ਪੀਰੀਅਡ ਸਕੂਲ ਟਾਈਮ ਟੇਬਲ ਅਨੁਸਾਰ ਕਲਾਸ ਇੰਚਾਰਜ ਦੁਆਰਾ ਲਿਆ ਜਾਵੇਗਾ। | 12ਵੀਂ ਕਮਿਸਟਰੀ | 12ਵੀਂ ਕਾਮਰਸ | 12ਵੀਂ ਹਿਸਾਬ | 11ਵੀਂ ਬਾਇਓਲੋਜੀ | 11:35 ਤੋਂ 12:00 ਵਜੇ ਤੱਕ ਅੱਧੀ ਛੁੱਟੀ | 12ਵੀਂ ਅੰਗਰੇਜੀ | 8ਵੀਂ ਹਿਸਾਬ | 9ਵੀਂ ਅੰਗਰੇਜੀ |
| ਮੰਗਲਵਾਰ | | | 12ਵੀਂ ਅੰਗਰੇਜੀ (ਰਿਪੀਟ) | 12ਵੀਂ ਫਿਜਿਕਸ | 12ਵੀਂ ਬਾਇਓਲੋਜੀ | 11ਵੀਂ ਹਿਸਾਬ | | 11ਵੀਂ ਅੰਗਰੇਜੀ | 8ਵੀਂ ਸਾਇੰਸ | 9ਵੀਂ ਹਿਸਾਬ |
| ਬੁੱਧਵਾਰ | | | 12ਵੀਂ ਅਰਥ-ਸ਼ਾਸ਼ਤਰ | 11ਵੀਂ ਹਿਸਟਰੀ | 12ਵੀਂ ਜੋਗਰਫੀ | 11ਵੀਂ ਸਾਫਟ ਸਕਿਲਜ਼ | | 11ਵੀਂ ਪੋਲ-ਸਾਇੰਸ | 8ਵੀਂ ਅੰਗਰੇਜੀ | 9ਵੀਂ ਸਾਇੰਸ |
| ਵੀਰਵਾਰ | | | 12ਵੀਂ ਹਿਸਟਰੀ | 11ਵੀਂ ਅਰਥ-ਸ਼ਾਸ਼ਤਰ | 12ਵੀਂ ਪੋਲ-ਸਾਇੰਸ | 11ਵੀਂ ਜੋਗਰਫੀ | | 12ਵੀਂ ਇਲੈਕਟਿਵ ਪੰਜਾਬੀ | 10ਵੀਂ ਹਿਸਾਬ | 10ਵੀਂ ਹਿਸਾਬ (ਰਿਪੀਟ) |
| ਸ਼ੁੱਕਰਵਾਰ | | | 11ਵੀਂ ਫਿਜਿਕਸ | 11ਵੀਂ ਕਮਿਸਟਰੀ | 11ਵੀਂ ਅੰਗਰੇਜੀ (ਰਿਪੀਟ) | 11ਵੀਂ ਇਲੈਕਟਿਵ ਪੰਜਾਬੀ | | 11ਵੀਂ ਸਾਫਟ ਸਕਿਲਜ਼ (ਰਿਪੀਟ) | 10ਵੀਂ ਸਾਇੰਸ | 10ਵੀਂ ਸਾਇੰਸ (ਰਿਪੀਟ) |
| ਸ਼ਨੀਵਾਰ | | 12ਵੀਂ **Meet a Scientist** | 11ਵੀਂ ਕਾਮਰਸ | 12ਵੀਂ ਪੋਲ-ਸਾਇੰਸ (ਸਾਇੰਸ) | 12ਵੀਂ ਹਿਸਟਰੀ (ਰਿਪੀਟ) | 11ਵੀਂ ਪੋਲ-ਸਾਇੰਸ (ਰਿਪੀਟ) | | 11ਵੀਂ ਹਿਸਟਰੀ (ਰਿਪੀਟ) | 10ਵੀਂ ਅੰਗਰੇਜੀ | 10ਵੀਂ ਅੰਗਰੇਜੀ (ਰਿਪੀਟ) |

1. ਐਜੂਸੈਟ ਦਾ ਰਿਪੀਟ ਪ੍ਰੋਗਰਾਮ ਤੱਦ ਹੀ ਲਾਗੂ ਹੋਵੇਗਾ ਜੇਕਰ ਸਕੂਲ ਵਿੱਚ ਉਸੇ ਕਲਾਸ ਦਾ ਹੋਰ ਸੈਕਸ਼ਨ ਹੋਵੇਗਾ। ਨਹੀਂ ਤਾਂ ਰਿਪੀਟ ਵਾਲੇ ਪੀਰੀਅਡ ਵਿੱਚ ਸਕੂਲ ਟਾਈਮ ਟੇਬਲ ਲਾਗੂ ਕੀਤਾ ਜਾਵੇਗਾ।
2. ਸਾਫਟ ਸਕਿਲਜ਼ ਦਾ ਰਿਪੀਟ ਪ੍ਰੋਗਰਾਮ ਤੱਦ ਹੀ ਲਾਗੂ ਹੋਵੇਗਾ ਜੇਕਰ ਸਕੂਲ ਵਿੱਚ ਉਸੇ ਕਲਾਸ ਦਾ ਹੋਰ ਸੈਕਸ਼ਨ ਹੋਵੇਗਾ। ਨਹੀਂ ਤਾਂ ਇਹਨਾਂ ਪੀਰੀਅਡਾਂ ਵਿੱਚ ਸਕੂਲ ਟਾਈਮ ਟੇਬਲ ਲਾਗੂ ਹੋਵੇਗਾ।
3. ਕੰਮ ਵਾਲੇ ਸ਼ਨੀਵਾਰ ਪਹਿਲਾ ਪੀਰੀਅਡ Meet a Scientist/Career Counselling/Health Awareness ਜਾਂ ਕਿਸੇ ਸਖਸ਼ੀਅਤ ਨਾਲ ਮੁਲਾਕਾਤ ਲਈ ਰਾਖਵਾਂ ਰੱਖਿਆ ਗਿਆ ਹੈ।
4. ਸਕੂਲਾਂ ਵਿੱਚ ਸਰਕਾਰੀ ਛੁੱਟੀਆਂ ਦੌਰਾਨ ਅਤੇ ਸਬੰਧਤ ਵਿੱਦਿਆਰਥੀਆਂ ਦੇ ਇਮਤਿਹਾਨਾਂ ਦੌਰਾਨ ਪ੍ਰੋਗਰਾਮ ਪ੍ਰਸਾਰਿਤ ਨਹੀਂ ਹੋਣਗੇ।

10/3/15 10/3 10/3/15

# ਐਜੂਸੈਟ ਟਾਈਮ-ਟੇਬਲ ਸ਼ੈਸ਼ਨ 2015-16 (01 ਅਕਤੂਬਰ 2015 ਤੋਂ 31 ਮਾਰਚ 2016 ਤੱਕ) ਸਰਦੀਆਂ ਦੀ ਰੁੱਤ

| ਪੀਰੀਅਡ | ਸਵੇਰੇ 09:00 ਤੋਂ 09:20 ਤੱਕ | I ਸਵੇਰੇ 09:20 ਤੋਂ 10:00 ਤੱਕ | II ਸਵੇਰੇ 10:00 ਤੋਂ 10:40 ਤੱਕ | III ਸਵੇਰੇ 10:40 ਤੋਂ 11:20 ਤੱਕ | IV ਸਵੇਰੇ 11:20 ਤੋਂ 12:00 ਤੱਕ | V ਸਵੇਰੇ 12:00 ਤੋਂ 12:40 ਤੱਕ | | VI ਦੁਪਿਹਰ 01:15 ਤੋਂ 01:55 ਤੱਕ | VII ਦੁਪਿਹਰ ਬਾਅਦ 01:55 ਤੋਂ 02:35 ਤੱਕ | VIII ਦੁਪਿਹਰ ਬਾਅਦ 02:35 ਤੋਂ 03:15 ਤੱਕ |
|---|---|---|---|---|---|---|---|---|---|---|
| ਸੋਮਵਾਰ | ਸਵੇਰ ਦੀ ਸਭਾ | ਇਹ ਪੀਰੀਅਡ ਸਕੂਲ ਟਾਈਮ ਟੇਬਲ ਅਨੁਸਾਰ ਕਲਾਸ ਇੰਚਾਰਜ ਦੁਆਰਾ ਲਿਆ ਜਾਵੇਗਾ। | 12ਵੀਂ ਕਮਿਸਟਰੀ | 12ਵੀਂ ਕਮਰਸ | 12ਵੀਂ ਹਿਸਾਬ | 11ਵੀਂ ਬਾਇਓਲੋਜੀ | 12:40 ਤੋਂ 01:15 ਵਜੇ ਤੱਕ ਅੱਧੀ ਛੁੱਟੀ | 12ਵੀਂ ਅੰਗਰੇਜੀ | 8ਵੀਂ ਹਿਸਾਬ | 9ਵੀਂ ਅੰਗਰੇਜੀ |
| ਮੰਗਲਵਾਰ | | | 12ਵੀਂ ਅੰਗਰੇਜੀ (ਰਿਪੀਟ) | 12ਵੀਂ ਫਿਜਿਕਸ | 12ਵੀਂ ਬਾਇਓਲੋਜੀ | 11ਵੀਂ ਹਿਸਾਬ | | 11ਵੀਂ ਅੰਗਰੇਜੀ | 8ਵੀਂ ਸਾਇੰਸ | 9ਵੀਂ ਹਿਸਾਬ |
| ਬੁੱਧਵਾਰ | | | 12ਵੀਂ ਅਰਥ-ਸ਼ਾਸ਼ਤਰ | 11ਵੀਂ ਹਿਸਟਰੀ | 12ਵੀਂ ਜੋਗਰਫੀ | 11ਵੀਂ ਸਾਫਟ ਸਕਿਲਜ਼ | | 11ਵੀਂ ਪੋਲ-ਸਾਇੰਸ | 8ਵੀਂ ਅੰਗਰੇਜੀ | 9ਵੀਂ ਸਾਇੰਸ |
| ਵੀਰਵਾਰ | | | 12ਵੀਂ ਹਿਸਟਰੀ | 11ਵੀਂ ਅਰਥ-ਸ਼ਾਸ਼ਤਰ | 12ਵੀਂ ਪੋਲ-ਸਾਇੰਸ | 11ਵੀਂ ਜੋਗਰਫੀ | | 12ਵੀਂ ਇਲੈਕਟਿਵ ਪੰਜਾਬੀ | 10ਵੀਂ ਹਿਸਾਬ | 10ਵੀਂ ਹਿਸਾਬ (ਰਿਪੀਟ) |
| ਸ਼ੁੱਕਰਵਾਰ | | | 11ਵੀਂ ਫਿਜਿਕਸ | 11ਵੀਂ ਕਮਿਸਟਰੀ | 11ਵੀਂ ਅੰਗਰੇਜੀ (ਰਿਪੀਟ) | 11ਵੀਂ ਇਲੈਕਟਿਵ ਪੰਜਾਬੀ | | 11ਵੀਂ ਸਾਫਟ ਸਕਿਲਜ਼ (ਰਿਪੀਟ) | 10ਵੀਂ ਸਾਇੰਸ | 10ਵੀਂ ਸਾਇੰਸ (ਰਿਪੀਟ) |
| ਸ਼ਨੀਵਾਰ | | 12ਵੀਂ **Meet a Scientist** | 11ਵੀਂ ਕਮਰਸ | 12ਵੀਂ ਪੋਲ-ਸਾਇੰਸ (ਸਾਇੰਸ) | 12ਵੀਂ ਹਿਸਟਰੀ (ਰਿਪੀਟ) | 11ਵੀਂ ਪੋਲ-ਸਾਇੰਸ (ਰਿਪੀਟ) | | 11ਵੀਂ ਹਿਸਟਰੀ (ਰਿਪੀਟ) | 10ਵੀਂ ਅੰਗਰੇਜੀ | 10ਵੀਂ ਅੰਗਰੇਜੀ (ਰਿਪੀਟ) |

1. ਐਜੂਸੈਟ ਦਾ ਰਿਪੀਟ ਪ੍ਰੋਗਰਾਮ ਤੱਦ ਹੀ ਲਾਗੂ ਹੋਵੇਗਾ ਜੇਕਰ ਸਕੂਲ ਵਿੱਚ ਉਸੇ ਕਲਾਸ ਦਾ ਹੋਰ ਸੈਕਸ਼ਨ ਹੋਵੇਗਾ। ਨਹੀਂ ਤਾਂ ਰਿਪੀਟ ਵਾਲੇ ਪੀਰੀਅਡ ਵਿੱਚ ਸਕੂਲ ਟਾਈਮ ਟੇਬਲ ਲਾਗੂ ਕੀਤਾ ਜਾਵੇਗਾ।
2. ਸਾਫਟ ਸਕਿਲਜ਼ ਦਾ ਰਿਪੀਟ ਪ੍ਰੋਗਰਾਮ ਤੱਦ ਹੀ ਲਾਗੂ ਹੋਵੇਗਾ ਜੇਕਰ ਸਕੂਲ ਵਿੱਚ ਉਸੇ ਕਲਾਸ ਦਾ ਹੋਰ ਸੈਕਸ਼ਨ ਹੋਵੇਗਾ। ਨਹੀਂ ਤਾਂ ਇਹਨਾਂ ਪੀਰੀਅਡਾਂ ਵਿੱਚ ਸਕੂਲ ਟਾਈਮ ਟੇਬਲ ਲਾਗੂ ਹੋਵੇਗਾ।
3. ਕੰਮ ਵਾਲੇ ਸ਼ਨੀਵਾਰ ਪਹਿਲਾ ਪੀਰੀਅਡ Meet a Scientist/Career Counselling/Health Awareness ਜਾਂ ਕਿਸੇ ਸਖਸ਼ੀਅਤ ਨਾਲ ਮੁਲਾਕਾਤ ਲਈ ਰਾਖਵਾਂ ਰੱਖਿਆ ਗਿਆ ਹੈ।
4. ਸਕੂਲਾਂ ਵਿੱਚ ਸਰਕਾਰੀ ਛੁੱਟੀਆਂ ਦੌਰਾਨ ਅਤੇ ਸਬੰਧਤ ਵਿੱਦਿਆਰਥੀਆਂ ਦੇ ਇਮਤਿਹਾਨਾਂ ਦੌਰਾਨ ਪ੍ਰੋਗਰਾਮ ਪ੍ਰਸਾਰਿਤ ਨਹੀਂ ਹੋਣਗੇ।

10/3/15 16/3/15 10/3/15